# ਜੰਗਲ

ਕਥਾਕਾਰ : ਮਨੁੱਖੀ ਵਿਕਾਸ ਨੇ ਜਿਥੇ ਦੁਨੀਆਂ ਦੇ ਨਵੇਂ ਪ੍ਰਬੰਧ ਲਈ ਸਿਖਰਾਂ ਛੂਹੀਆਂ ਹਨ, ਉਥੇ ਨਾਲ ਹੀ ਵਾਤਾਵਰਨ ਨੂੰ ਜਿਸ ਤਰ੍ਹਾਂ ਗੰਧਲਾ ਕੀਤਾ ਜਾ ਰਿਹਾ ਹੈ ਉਹ ਅੱਜ ਸੁਭਾਵਕ ਲੋਕਾਂ ਲਈ ਚਿੰਤਾ ਦਾ ਸਭ ਤੋਂ ਵੱਡਾ ਕਾਰਨ ਬਣਿਆ ਹੋਇਆ ਹੈ, ਇਹੋ ਕਾਰਨ ਹੈ ਕਿ ਸਾਲ 1992 ਵਿਚ ਬਰਾਜ਼ੀਨ ਦੇ ਸ਼ਹਿਰ ਰਿਉ ਡੀ ਜੇਨੇਰੈ ਵਿਚ ਵਾਤਾਵਰਨ ਦੀ ਸੁਰੱਖਿਆ ਲਈ ਇਸ ਸੰਸਾਰ ਸਿਖਰ ਸੰਮੇਲਨ ਰਚਾਇਆ ਗਿਆ। ਇਹ ਇਕ ਜਾਣੀ ਹੋਈ ਸਚਾਈ ਹੈ ਕਿ ਜਿਥੇ ਹਰਿਆਵਲ ਘੱਟ ਹੋਵੇਗੀ ਉਥੇ ਵਾਤਾਵਰਨ ਦਾ ਪ੍ਰਦੂਸ਼ਤ ਹੋਣਾ ਕੁਦਰਤੀ ਹੈ; ਯਕੀਨੀ ਹੈ।

ਸਿਖਰ ਸੰਮੇਲਨ ਵਿਚ ਗੱਲ ਉਭਰਕੇ ਆਈ ਹੈ ਕਿ ਵਿਕਾਸਸ਼ੀਲ ਦੇਸ਼ ਵਾਤਾਵਰਨ ਨੂੰ ਗੰਧਲਾ ਕਰਨ ਵਿਚ ਵੱਡਾ ਹਿੱਸਾ ਪਾਉਂਦੇ ਹਨ। ਇਸ ਲਈ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਜੋ ਸੰਸਾਰ ਪੱਧਰ 'ਤੇ ਉਪਾਅ ਕੀਤੇ ਜਾਣੇ ਹਨ ਉਹਨਾਂ ਵਿਚ ਵੱਡਾ ਹਿੱਸਾ ਉਹੀ ਪਾਉਣ। ਪਰ ਇਹ ਗੱਲਾਂ ਬਹੁਤ ਵੱਡੀਆਂ ਹਨ ਵਡੇ ਮੁਲਕਾਂ ਦੀਆਂ ਹਨ, ਵੱਡੇ ਲੀਡਰਾਂ ਦੀਆਂ ਹਨ। ਫੈਸਲੇ ਹੁੰਦੇ ਰਹਿਣਗੇ ਪਰ ਅਸੀਂ ਵੀ ਵਾਤਾਵਰਨ ਨੂੰ ਸ਼ੁਧ ਬਨਾਉਣ ਲਈ ਆਪਣਾ ਹਿੱਸਾ ਪਾ ਸਕਦੇ ਹਾਂ। ਅਸੀਂ ਜਿਥੇ ਖਾਲੀ ਥਾਂ ਮਿਲੇ ਰੁੱਖ ਲਗਾ ਸਕਦੇ ਹਾਂ, ਜੰਗਲਾਂ ਨੂੰ ਕੱਟਣੋਂ ਬਚਾ ਸਕਦੇ ਹਾਂ, ਵਾਤਾਵਰਨ ਨੂੰ ਸੰਤੁਲਤ ਰੱਖਣ ਲਈ ਇਕ ਲਹਿਰ ਚਲਾ ਸਕਦੇ ਹਾਂ। ਇਸ ਲਹਿਰ ਦਾ ਸੁਨੇਹਾ ਦੇਣ ਲਈ ਤੁਹਾਡੇ ਕੋਲ ਆਏ ਹਾਂ। ਤੁਹਾਨੂੰ ਇਕ ਨਾਟਕ ਵਿਖਾਉਣ ਆਏ ਹਾਂ। ਇਸ ਨਾਟਕ ਦੇ ਪਾਤਰ ਹਨ ਤਿੰਨ ਰੁੱਖ, ਇਕ ਕੁੜੀ ਜਿਸ ਦਾ ਨਾਂ ਜ਼ਿੰਦਗੀ ਹੈ ਅਤੇ ਇਕ ਮਨੁੱਖ ਜਿਹੜਾ ਲਾਲਚ ਅਤੇ ਸਵਾਰਥ ਦਾ ਪੁਤਲਾ ਹੈ।

*(ਤਿੰਨ ਪਾਤਰ, ਤਿੰਨ ਰੁੱਖਾਂ ਦੀ ਮੁਦਰਾ ਵਿਚ ਖਲੋਤੇ ਗੱਲਾਂ ਕਰ ਰਹੇ ਹਨ।)*

ਇਕੱਠੇ : ਅਸੀਂ ਕਲੇ ਕਲੇ ਰੁੱਖ ਹਾਂ, ਪਰ ਜਦੋਂ ਅਸੀਂ ਮਿਲ ਜਾਈਏ ਤਾਂ ਜੰਗਲ ਬਣਾਉਂਦੇ ਹਾਂ, ਧਰਤੀ ਦੇ ਵਾਯੂਮੰਡਲ ਨੂੰ ਸ਼ੁਧ ਰੱਖਣ ਵਿਚ ਸਾਡਾ ਹਿੱਸਾ ਹੈ। ਅਸੀਂ ਮਨੁੱਖ ਦੀ ਜ਼ਿੰਦਗੀ ਨੂੰ ਸਿਹਤਮੰਦ ਬਨਾਉਣ ਵਿਚ

ਵੱਡਾ ਹਿੱਸਾ ਪਾਉਂਦੇ ਹਾਂ, ਪਰ ਮਨੁੱਖ ਹੁਣ ਸਾਡਾ ਦੁਸ਼ਮਣ ਬਣ ਗਿਆ ਹੈ। ਪਰ ਉਹ ਇਹ ਨਹੀਂ ਜਾਣਦਾ ਕਿ ਸਾਡੇ ਨਾਲ ਦੁਸ਼ਮਣੀ ਦਾ ਮਤਲਬ ਹੈ ਉਹ ਆਪਣੇ ਨਾਲ ਦੁਸ਼ਮਣੀ ਕਰ ਰਿਹਾ ਹੈ।

ਇਕ : (ਦੂਜੇ ਨੂੰ) ਇਹ ਲੰਮੇ ਕੱਦ ਵਾਲੇ ਰੁੱਖ, ਤੂੰ ਮੂੰਹ ਚੁੱਕੀ ਕਿਦ੍ਹੀ ਉਡੀਕ ਕਰ ਰਿਹਾ ਏਂ ?

ਦੂਜਾ : ਮੈਨੂੰ ਉਸ ਕੁੜੀ ਦੀ ਉਡੀਕ ਹੈ ਜੋ ਰੋਜ਼ ਇਥੇ ਆਉਂਦੀ ਹੈ।

ਤਿੰਨ : ਉਡੀਕ ਤਾਂ ਮੈਨੂੰ ਵੀ ਹੈ, ਪਰ ਮੈਂ ਤੇਰੇ ਵਾਂਗ ਬੇਸਬਰਾ ਨਹੀਂ।

ਇਕ : ਉਹ ਕੁੜੀ ਚੰਗੀ ਹੈ, ਗੁਣਗੁਣਾਂਦੀ ਹੈ।

ਦੋ : ਗੁਣਗੁਣਾਉਂਦੀ ਹੈ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਹਵਾ ਵਿਚ ਸੰਗੀਤ ਭਰ ਗਿਆ ਹੈ।

ਤਿੰਨ : ਸੰਗੀਤ ਜਿਸ ਵਿਚ ਜਾਦੂ ਹੁੰਦਾ ਹੈ ਜੋ ਸਾਨੂੰ ਮਸਤੀ ਵਿਚ ਝੂੰਮਣ ਲਗਾ ਦਿੰਦਾ ਏ।

ਇਕ : ਮੈਂ ਉਸ ਨੂੰ ਫਲ ਦੇਂਦਾ ਹਾਂ।

ਦੋ : ਮੈਂ ਉਸ ਨੂੰ ਫੁਲ ਦੇਂਦਾ ਹਾਂ।

ਤਿੰਨ : ਮੈਂ ਉਸ ਨੂੰ ਹਰੇ ਪਤੇ ਦੇਂਦਾ ਹਾਂ।

ਇਕ : ਫਲ ਉਹ ਖਾਂਦੀ ਹੈ।

ਦੋ : ਫੁੱਲਾਂ ਦਾ ਉਹ ਗੁਲਦਸਤਾ ਬਨਾਉਂਦੀ ਹੈ।

ਤਿੰਨ : ਗੁਲਦਸਤੇ ਵਿਚ ਪਤੇ ਉਹਨੂੰ ਸੋਹਣਾ ਬਣਾਉਂਦੇ ਹਨ।

ਇਕ : ਉਹ ਸਾਡੀ ਦੋਸਤ ਹੈ।

ਦੋ : ਉਹ ਸਾਡੀ ਹਮਦਰਦ ਹੈ।

ਤਿੰਨ : ਉਹ ਸਾਡੀ ਮਹਿਰਮ ਹੈ।

*(ਕੁੜੀ ਆਉਂਦੀ ਹੈ।)*

ਕੁੜੀ : ਇਹ ਜੰਗਲ ਦੇ ਰੁੱਖੋ, ਤੁਹਾਨੂੰ ਮੇਰਾ ਸਲਾਮ।

ਇਕੱਠੇ : ਸਾਡਾ ਵੀ ਤੈਨੂੰ ਸਲਾਮ

*(ਕੁੜੀ ਵਾਰੀ-ਵਾਰੀ ਤਿੰਨਾਂ ਰੁੱਖਾਂ ਕੋਲ ਜਾਂਦੀ ਹੈ। ਫਲ ਫੁੱਲ ਅਤੇ ਪਤੇ ਲੈਂਦੀ ਹੈ, ਫਲ ਖਾਂਦੀ ਹੈ, ਫੁੱਲ ਅਤੇ ਪੱਤਿਆਂ ਦਾ ਗੁਲਦਸਤਾ ਬਣਾਉਂਦੀ ਹੈ ਤੇ ਨਾਲੇ ਗੁਣਗੁਣਾਉਂਦੀ ਹੈ। ਤਿੰਨੋ ਝੂਲਦੇ ਹਨ।)*

ਇਕ : ਅੱਜ ਤੂੰ ਦੇਰ ਕਰ ਦਿੱਤੀ ਸੀ।

ਦੋ : ਸਾਨੂੰ ਤੇਰੀ ਉਡੀਕ ਕਰਨੀ ਪਈ।

ਤਿੰਨ : ਅਸੀਂ ਉਦਾਸ ਹੋ ਗਏ ਸਾਂ।

ਕੁੜੀ : ਮੈਨੂੰ ਦੇਰ ਹੋ ਗਈ ਕਿਉਂਕਿ ਸਾਡੇ ਘਰ ਇਕ ਮੁਸੀਬਤ ਆ ਗਈ ਸੀ।

ਇਕ : ਕਿਉਂ ਕੋਈ ਝੱਖੜ ਆ ਗਿਆ ਸੀ ?
ਦੋ : ਕਿਉਂ ਕੋਈ ਹਨੇਰੀ ਆ ਗਈ ਸੀ ?
ਤਿੰਨ : ਕਿਉਂ ਕੋਈ ਤੁਫਾਨ ਆ ਗਿਆ ਸੀ ?
ਕੁੜੀ : ਤੁਹਾਨੂੰ ਝੱਖੜ, ਹਨੇਰੀ, ਤੁਫਾਨ ਤੋਂ ਬੜਾ ਡਰ ਲਗਦਾ ਹੈ ?
ਇਕ : ਹਾਂ, ਝੱਖੜ ਮੇਰੇ ਫਲ ਤੋੜ ਦੇਂਦਾ ਹੈ।
ਦੋ : ਹਨੇਰੀ ਮੇਰੇ ਫੁੱਲ ਉਡਾ ਲੈ ਜਾਂਦੀ ਹੈ।
ਤਿੰਨ : ਤੁਫਾਨ ਮੈਨੂੰ ਜੜ੍ਹੋਂ ਪੁੱਟ ਦੇਂਦਾ ਹੈ।
ਕੁੜੀ : ਨਹੀਂ, ਉਹ ਝੱਖੜ, ਹਨੇਰੀ, ਤੂਫਾਨ ਨਹੀਂ ਸੀ, ਪਰ ਉਹ ਇਕ ਮਨੁੱਖ ਸੀ।
ਇਕ : ਫੇਰ ਉਹ ਮੁਸੀਬਤ ਕੌਣ ਸੀ ?
ਦੋ : ਕੀ ਤਕਲੀਫ ਸੀ ਉਹਨੂੰ ?
ਤਿੰਨ : ਕੀ ਚਾਹੁੰਦਾ ਸੀ ਉਹ ?
ਕੁੜੀ : ਉਹ ਮੇਰੇ ਨਾਲ ਵਿਆਹ ਕਰਨਾ ਚਾਹੁੰਦਾ ਸੀ ਪਰ ਮੁਸੀਬਤ ਇਹ ਸੀ ਕਿ ਉਹ ਲਾਲਚੀ ਸੀ, ਦਾਜ ਮੰਗਦਾ ਸੀ, ਸਕੂਟਰ ਮੰਗਦਾ ਸੀ, ਫਰਿਜ ਮੰਗਦਾ ਸੀ, ਟੀ.ਵੀ. ਮੰਗਦਾ ਸੀ, ਜੋ ਮੇਰੇ ਗਰੀਬ ਮਾਪੇ ਨਹੀਂ ਦੇ ਸਕਦੇ ਸਨ। ਇਸ ਲਈ ਉਹ ਚਲਾ ਗਿਆ।
ਇਕ : ਚੰਗਾ ਹੋਇਆ, ਦਫਾ ਹੋਇਆ
ਦੋ : ਜਾਨ ਛੁੱਟੀ।
ਤਿੰਨ : ਜਾਨ ਛੁੱਟੀ ਤੇ ਲੱਖਾਂ ਪਾਏ।
ਕੁੜੀ : ਆਹੋ ਚੰਗਾ ਹੋਇਆ ਏ, ਦਫਾ ਹੋਇਆ ਏ, ਜਾਨ ਛੁੱਟੀ ਏ, ਜਾਨ ਛੁੱਟੀ ਏ ਤੇ ਲੱਖਾਂ ਪਾਏ ਨੇ, ਹੁਣ ਮੈਂ ਚੱਲਦੀ ਹਾਂ, ਘਰ ਕੰਮ ਬੜਾ ਹੈ, ਬਸ ਤੁਹਨੂੰ ਮਿਲਣ ਆ ਗਈ ਸਾਂ।
ਇਕੱਠੇ : ਕਿਉਂ ?
ਕੁੜੀ : ਕਿਉਂਕਿ ਤੁਸੀਂ ਮੇਰੇ ਦੋਸਤ ਹੋ, ਹਮਦਰਦ ਹੋ, ਮਹਿਰਮ ਹੋ। ਤੁਸੀਂ ਮੇਰੇ ਕੋਲੋਂ ਕੁਝ ਨਹੀਂ ਮੰਗਦੇ, ਸਗੋਂ ਫਲ ਦੇਂਦੇ ਹੋ, ਹਰਿਆਵਲ ਦੇਂਦੇ ਹੋ। ਮੈਂ ਜਿਸ ਦਾ ਨਾਂ ਜ਼ਿੰਦਗੀ ਹੈ, ਤੁਹਾਨੂੰ ਸਲਾਮ ਕਹਿਦੀ ਆਂ।

*(ਕੁੜੀ ਜਾਂਦੀ ਹੈ, ਤਿੰਨੇ ਉਸਦੇ ਵੱਲ ਵੇਖਦੇ ਹਨ।)*

ਇਕ : ਅੱਜ ਦਾ ਮਨੁੱਖ ਲਾਲਚੀ ਹੋ ਗਿਆ ਹੈ।
ਦੋ : ਉਹ ਜ਼ਿੰਦਗੀ ਨੂੰ ਦੁੱਖ ਦਿੰਦਾ ਹੈ।
ਤਿੰਨ : ਉਹਨੂੰ ਤਕਲੀਫ ਪੁਚਾਉਂਦਾ ਹੈ।

*(ਚੋਥਾ ਪਾਤਰ ਇਕ ਮਨੁੱਖ ਹੈ, ਉਹਦੇ ਹੱਥ ਵਿਚ ਕੁਹਾੜੀ ਹੈ। ਬੜੀ ਆਕੜ ਵਾਲੀ ਚਾਲ ਹੈ। ਤਿੰਨਾਂ ਰੁੱਖਾਂ ਨੂੰ ਬੜੀਆਂ*

*ਲਾਲਚ ਦੀਆਂ ਨਜ਼ਰਾਂ ਨਾਲ ਵੇਖਦਾ ਹੈ।)*

ਮਨੁੱਖ : ਇਹ ਰੁੱਖ ਇਥੇ ਕਿਉਂ ਖੜੇ ਨੇ, ਇਹਨਾਂ ਇਥੇ ਜੰਗਲ ਬਣਾਇਆ ਹੋਇਆ ਹੈ। ਮੈਂ ਇਹਨਾਂ ਨੂੰ ਵਢਾਂਗਾ, ਧਰਤੀ ਸਾਫ਼ ਕਰਾਂਗਾ। ਵੱਡੀਆਂ ਬਿਲਡਿੰਗਾਂ ਬਣਾਵਾਂਗਾ ਅਤੇ ਕਾਰਖਾਨੇ ਬਣਾਵਾਂਗਾ, ਫੇਰ ਸਾਰੀ ਦੌਲਤ ਕਮਾਵਾਂਗਾ।

*(ਮਨੁੱਖ ਜੰਗਲ ਵੱਢਣ ਦੀ ਤਿਆਰੀ ਕਰਦਾ ਹੈ।)*

ਇਕ : ਤੂੰ ਸਾਨੂੰ ਨਾ ਵੱਢ।

ਦੋ : ਸਾਡੇ 'ਤੇ ਜ਼ੁਲਮ ਨਾ ਕਰ।

ਤਿੰਨ : ਸਾਨੂੰ ਦੁੱਖ ਨਾ ਪੁਚਾ।

ਮਨੁੱਖ : ਤੁਹਾਡੇ 'ਤੇ ਤਰਸ ਕਰਾਂਗਾ ਤਾਂ ਆਪ ਉਜੜ ਜਾਵਾਂਗਾ। ਅੱਜ ਦਾ ਯੁੱਗ ਚੂਹੇ ਦੌੜ ਦਾ ਹੈ, ਜਿਹੜਾ ਰਹਿ ਗਿਆ ਉਹ ਰਹਿ ਗਿਆ।

*(ਕੁਹਾੜੀ ਚੁੱਕਦਾ ਹੈ।)*

ਤਿੰਨੇ : ਬਚਾਓ, ਬਚਾਓ, ਬਚਾਓ

ਇਕ : ਸਾਨੂੰ ਇਸ ਲਾਲਚੀ ਮਨੁੱਖ ਤੋਂ ਬਚਾਓ

ਦੋ : ਸਾਨੂੰ ਇਸ ਸਵਾਰਥੀ ਮਨੁੱਖ ਤੋਂ ਬਚਾਓ

ਤਿੰਨ : ਸਾਨੂੰ ਇਸ ਜ਼ਾਲਮ ਮਨੁੱਖ ਤੋਂ ਬਚਾਓ।

ਇਕੱਠੇ : ਬਚਾਓ, ਬਚਾਓ, ਬਚਾਓ

*(ਕੁੜੀ ਨੱਸਦੀ ਆਉਂਦੀ ਹੈ।)*

ਕੁੜੀ : ਠਹਿਰ ਜਾ, ਇਹ ਜ਼ੁਲਮ ਨਾ ਕਮਾਂ।

ਮਨੁੱਖ : ਤੂੰ ਕੌਣ ਹੈ?

ਕੁੜੀ : ਮੇਰਾ ਨਾਂ ਜ਼ਿੰਦਗੀ ਏ, ਮੈਂ ਹਰ ਜੀਂਦੇ ਮਨੁੱਖ ਦੇ ਸੀਨੇ ਵਿਚ ਧੜਕਦੀ ਹਾਂ। ਇਸ ਲਈ ਤੈਨੂੰ ਕਹਿੰਦੀ ਹਾਂ ਕਿ ਇਹਨਾਂ ਨੂੰ ਨਾ ਵੱਢ।

ਮਨੁੱਖ : ਕਿਉਂ?

ਕੁੜੀ : ਕਿਉਂਕਿ ਇਹ ਜੰਗਲ ਦੇ ਰੁੱਖ ਜ਼ਿੰਦਗੀ ਦੇ ਦੋਸਤ ਨੇ, ਹਮਦਰਦ ਨੇ, ਮਹਿਰਮ ਨੇ।

ਮਨੁੱਖ : ਉਹ ਕਿਸ ਤਰ੍ਹਾਂ?

ਕੁੜੀ : ਇਹ ਜੰਗਲ ਦੇ ਰੁੱਖ ਹੀ ਨੇ ਜੋ ਵਾਤਾਵਰਨ ਨੂੰ ਸ਼ੁੱਧ ਕਰਦੇ ਨੇ, ਸਾਡੇ ਲਈ ਮੀਂਹ ਲਿਆਉਂਦੇ ਨੇ, ਸਾਨੂੰ ਹਰਿਆਵਲ ਦੇਂਦੇ ਨੇ। ਸਾਡੇ ਆਲੇ-ਦੁਆਲੇ ਨੂੰ ਜੀਣ ਜੋਗਾ ਬਣਾਉਂਦੇ ਨੇ।

ਮਨੁੱਖ : ਤੂੰ ਮੈਨੂੰ ਬੜੀ ਸਿਆਣੀ ਲਗਦੀ ਏ - ਮੈਂ ਤੈਨੂੰ ਪਹਿਲੇ ਵੀ ਵੇਖਿਆ ਏ।

ਕੁੜੀ : ਹਾਂ ਤੂੰ ਸਾਡੇ ਘਰ ਆਇਆ ਸੀ। ਮੈਂ ਤੇਰੇ ਲਈ ਦਰ ਖੋਲਿਆ ਸੀ। ਮੈਂ ਤੈਨੂੰ ਜੀ ਆਇਆ ਆਖਿਆ ਸੀ। ਪਰ ਤੂੰ ਲਾਲਚੀ ਨਿਕਲਿਆ। ਤੂੰ ਮੇਰੇ ਗਰੀਬ ਮਾਪਿਆਂ ਕੋਲੋਂ ਉਹ ਕੁਝ ਮੰਗਿਆ ਜੋ ਉਹ ਦੇ ਨਹੀਂ ਸਕਦੇ। ਇਸ ਲਈ ਤੂੰ ਖਾਲੀ ਆ ਗਿਆ।

ਮਨੁੱਖ : ਹਾਂ, ਹੁਣ ਮੈਨੂੰ ਪਤਾ ਲਗਿਆ ਕਿ ਤੈਨੂੰ ਠੁਕਰਾਕੇ ਮੈਂ ਬਹੁਤ ਕੁਝ ਗਵਾਇਆ ਏ।

ਕੁੜੀ : ਮਨੁੱਖ ਆਪਣੇ ਲਾਲਚ ਅਤੇ ਸਵਾਰਥ ਵਿਚ ਬਹੁਤ ਕੁਝ ਗਵਾ ਦੇਂਦਾ ਹੈ। ਇਸੇ ਲਈ ਮੈਂ ਕਹਿੰਦੀ ਹਾਂ ਕਿ ਇਹਨਾਂ ਰੁੱਖਾਂ ਨੂੰ ਨਾ ਵੱਢ। ਫੌਰੀ ਤੈਨੂੰ ਕੁਝ ਫਾਇਦਾ ਹੋ ਸਕਦਾ ਹੈ, ਪਰ ਬਾਅਦ ਵਿਚ ਤੈਨੂੰ ਨੁਕਸਾਨ ਹੀ ਨੁਕਸਾਨ ਹੈ।

ਮਨੁੱਖ : ਪਰ ਮੇਰੀ ਆਬਾਦੀ ਵੱਧ ਰਹੀ ਹੈ ਜੇ ਮੈਂ ਜੰਗਲ ਵਢਾਂਗਾ ਨਹੀਂ, ਤਾਂ ਰਵਾਂਗਾ ਕਿੱਥੇ ?

ਕੁੜੀ : ਤੂੰ ਵਧਦੀ ਅਬਾਦੀ 'ਤੇ ਰੋਕ ਪਾ। ਆਪਣਾ ਵਿਕਾਸ ਇਸ ਤਰ੍ਹਾਂ ਕਰ ਕਿ ਕੁਦਰਤ ਦੀ ਕਾਇਨਾਤ ਦਾ ਸੰਤੁਲਨ ਨਾ ਵਿਗੜੇ। ਇਸ ਵਿਚ ਹੀ ਸਾਡੀ ਸਾਰਿਆਂ ਦੀ ਭਲਾਈ ਹੈ।

ਮਨੁੱਖ : ਹਾਂ ਮੈਂ ਸਮਝ ਗਿਆ, ਇਸ ਵਿਚ ਹੀ ਸਾਡੀ ਭਲਾਈ ਹੈ। ਇਹ ਜੰਗਲ ਦੇ ਰੁੱਖੋ ਤੁਹਾਨੂੰ ਮੇਰਾ ਸਲਾਮ।

ਇਕੱਠੇ : ਸਾਡਾ ਵੀ ਤੈਨੂੰ ਸਲਾਮ। ਅਸੀਂ ਸਾਰੇ ਇਕ ਦੂਜੇ ਦੇ ਦੋਸਤ ਹਾਂ, ਹਮਦਰਦ ਹਾਂ, ਮਹਿਰਮ ਹਾਂ, ਸਾਡੇ ਸਾਰੇ ਦੁੱਖ ਸਾਂਝੇ ਹਨ, ਸਾਡੇ ਸਾਰੇ ਸੁੱਖ ਸਾਂਝੇ ਹਨ। ਅਸੀਂ ਸਾਰੇ ਮਿਲਕੇ ਇਸ ਧਰਤੀ ਨੂੰ ਸਵਰਗ ਬਣਾਵਾਂਗੇ, ਇਸ ਨੂੰ ਜੀਣ ਯੋਗ ਬਣਾਵਾਂਗੇ।

*(ਖੁਸ਼ੀ ਵਿਚ ਗੁਣ-ਗੁਣਾਉਂਦੇ ਹਨ ਤੇ ਨਾਟਕ ਖਤਮ ਹੁੰਦਾ ਹੈ।)*